# ਪੰਜਾਬ ਵਿਧਾਨ ਸਭਾ ਸਕੱਤਰੇਤ

## ਮੰਗਲਵਾਰ, ਮਿਤੀ 25 ਫਰਵਰੀ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

### ਪਠਾਨਕੋਟ ਵਿਚ ਮੈਡੀਕਲ ਕਾਲਜ ਦੀ ਟੈਂਡਰਿੰਗ ਕਰਨਾ

*2473. **ਸ਼੍ਰੀ ਅਮਿਤ ਵਿਜ, ਐਮ.ਐਲ.ਏ.:-** ਕੀ ਡਾਕਟਰੀ ਸਿੱਖਿਆ ਅਤੇ ਖੋਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਵਿਚ ਮੈਡੀਕਲ ਕਾਲਜ (ਪੀ.ਪੀ.ਪੀ.ਮੋਡ) ਦੀ ਟੈਂਡਰਿੰਗ ਕਦੋਂ ਤੱਕ ਕਰ ਦਿੱਤੀ ਜਾਵੇਗੀ ਤਾਂ ਜੋ ਗਰਾਊਂਡ ਪੱਧਰ ਤੇ ਕੰਮ ਸ਼ੁਰੂ ਕਰਨ ਲਈ ਠੇਕੇਦਾਰ ਨੂੰ ਨਿਯੁਕਤ ਕੀਤਾ ਜਾ ਸਕੇ?

### ਜ਼ੀਰਕਪੁਰ, ਬਲਟਾਣਾ ਅਤੇ ਪੀਰ ਮੁੱਛਲਾ ਦੇ ਫੋਰੈਸਟ ਪਾਰਕਾਂ ਤੇ ਕੀਤਾ ਗਿਆ ਖਰਚਾ

*2622. **ਸ਼੍ਰੀ ਐਨ. ਕੇ. ਸ਼ਰਮਾ, ਐਮ.ਐਲ.ਏ.:-** ਕੀ ਵਣ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਜ਼ੀਰਕਪੁਰ, ਬਲਟਾਣਾ ਅਤੇ ਪੀਰ ਮੁਛੱਲਾ (ਜ਼ਿਲ੍ਹਾ ਐਸ.ਏ.ਐਸ. ਨਗਰ) ਵਿੱਚ ਜੋ ਫੋਰੈਸਟ ਪਾਰਕ ਬਣਾਏ ਗਏ ਹਨ, ਉਨ੍ਹਾਂ ਤੇ ਹੁਣ ਤੱਕ ਕਿੰਨਾਂ-2 ਪੈਸਾ ਖ਼ਰਚ ਕੀਤਾ ਜਾ ਚੁੱਕਾ ਹੈ?

### ਹਲਕਾ ਦਿੜਬਾ ਵਿਖੇ ਕਾਲਜ਼ ਖੋਲ੍ਹਣਾ

*2644. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਦਿੜਬਾ (ਦਿੜਬਾ ਸਬ ਡਵੀਜਨ) ਵਿੱਚ ਇੱਕ ਕਾਲਜ ਖੋਲ੍ਹਿਆ ਜਾਵੇਗਾ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਕਾਲਜ ਲਈ ਜਮੀਨ ਐਕਵਾਇਰ ਕਰ ਲਈ ਗਈ ਹੈ ਅਤੇ ਉਪਰੋਕਤ ਵਰਣਿਤ ਕਾਲਜ ਦੀ ਬਿਲਡਿੰਗ ਕਦੋਂ ਤੱਕ ਤਿਆਰ ਕਰ ਦਿੱਤੀ ਜਾਵੇਗੀ?

### ਜਗਰਾਓਂ ਵਿਖੇ ਖੇਡ ਸਟੇਡੀਅਮ ਬਣਾਉਣਾ

*2494. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਜਗਰਾਓਂ ਜਿਸ ਵਿੱਚ 2 ਬਲਾਕ ਹਨ ਪਰ ਇੱਥੇ ਕੋਈ ਵੀ ਖੇਡ ਸਟੇਡੀਅਮ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਜਗਰਾਓਂ ਵਿਖੇ ਸਟੇਡੀਅਮ ਕਦੋਂ ਤੱਕ ਬਣਾ ਦਿੱਤਾ ਜਾਵੇਗਾ;

ਅ) ਕੀ ਇਹ ਵੀ ਠੀਕ ਹੈ ਕਿ ਸਰਕਾਰ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਕਦਮ ਚੁੱਕ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਹਲਕਾ ਜਗਰਾਉਂ ਵਿੱਚ ਕੁੱਲ ਕਿੰਨੀਆਂ ਖੇਡ ਪਾਰਕਾਂ ਬਣਾਈਆਂ ਗਈਆਂ ਹਨ

### ਹਰੀਕੇ ਰੱਖ ਅਤੇ ਵੱਡੀ ਝੀਲ ਨੂੰ ਵਿਕਸਿਤ ਕਰਨਾ

*2395. **ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ.:** - ਕੀ ਸੈਰ ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਹਰੀਕੇ ਪੰਛੀ ਰੱਖ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ, ਜੇ ਹੈ ਤਾਂ ਉਸਦੇ ਕੀ ਵੇਰਵੇ ਹਨ;

ਅ) ਕੀ 84 ਸਕੈਅਰ ਕਿਲੋਮੀਟਰ ਦੇ ਘੇਰੇ ਅੰਦਰ ਆਉਂਦੀ ਹਰੀਕੇ ਰੱਖ ਅਤੇ ਵੱਡੀ ਝੀਲ ਨੂੰ ਕੌਮਾਂਤਰੀ ਪੱਧਰ ਤੇ ਵਿਕਸਤ ਕਰਨ ਲਈ ਸਰਕਾਰ ਕੋਈ ਠੋਸ ਕਦਮ ਚੁੱਕ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਦਿੱਤੇ ਜਾਣ?

### ਹੈਵੀ ਡਰਾਈਵਿੰਗ ਟ੍ਰੇਨਿੰਗ ਸਰਟੀਫਿਕੇਟਾਂ ਦੀ ਮਾਣਤਾ

*2646. 1. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.)**
2. **ਸ਼੍ਰੀ ਰਜਿੰਦਰ ਬੇਰੀ, ਐਮ.ਐਲ.ਏ.):-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਹੈਵੀ ਵਹੀਕਲ ਡਰਾਈਵਿੰਗ ਲਾਈਸੈਂਸ ਬਣਾਉਣ ਲਈ ਲੋੜੀਂਦਾ ਡਰਾਈਵਿੰਗ ਟ੍ਰੇਨਿੰਗ ਸਰਟੀਫਿਕੇਟ ਕੇਵਲ ਸਟੇਟ ਇੰਸਟੀਚਿਊਟ ਆਫ ਆਟੋਮੋਟਿਵ ਐਂਡ ਡਰਾਇਵਿੰਗ ਸਕਿਲਜ਼, ਪਿੰਡ ਮਹੂਆਣਾ, ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਤੋਂ ਹੀ ਲੈਣਾ ਜ਼ਰੂਰੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਰਾਜ ਵਿੱਚ ਵੱਖ-ਵੱਖ ਥਾਵਾਂ ਤੇ ਸਥਿਤ ਸਰਕਾਰ ਤੋਂ ਮਾਨਤਾ ਪ੍ਰਾਪਤ ਕੁਝ ਅਜਿਹੇ ਹੀ ਡਰਾਈਵਿੰਗ ਟ੍ਰੇਨਿੰਗ ਸੈਂਟਰਾਂ ਵੱਲੋਂ ਜਾਰੀ ਕੀਤੇ ਸਰਟੀਫ਼ਿਕੇਟਾਂ ਨੂੰ ਰਾਜ ਸਰਕਾਰ ਦੀ ਡਰਾਈਵਿੰਗ ਲਾਈਸੈਂਸਿੰਗ ਅਥਾਰਟੀਆਂ ਵੱਲੋਂ ਪ੍ਰਵਾਨ ਨਹੀਂ ਕੀਤਾ ਜਾਂਦਾ ਜਿਸ ਕਰਕੇ ਰਾਜ ਦੇ ਅਜਿਹੇ ਸਿਖਿਆਰਥੀਆਂ ਨੂੰ ਬਹੁਤ ਅਸੁਵਿਧਾ ਹੁੰਦੀ ਹੈ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਰਾਜ ਸਰਕਾਰ ਵੱਲੋਂ ਅਜਿਹੇ ਹੀ ਟ੍ਰੇਨਿੰਗ ਸੈਂਟਰ ਜੋ ਮਲੇਰਕੋਟਲਾ, ਕਪੂਰਥਲਾ ਅਤੇ ਗੁਰਦਾਸਪੁਰ ਵਿਖੇ ਖੋਲ੍ਹੇ ਗਏ ਹਨ ਉਨ੍ਹਾਂ ਟ੍ਰੇਨਿੰਗ ਸੈਂਟਰਾਂ ਵੱਲੋਂ ਸਿਖਿਆਰਥੀਆਂ ਨੂੰ ਜਾਰੀ ਟ੍ਰੇਨਿੰਗ ਸਰਟੀਫ਼ਿਕੇਟਾਂ ਨੂੰ ਵੀ ਮਾਨਤਾ ਦਿੱਤੀ ਜਾਵੇਗੀ?

### ਰਾਜ ਦੀਆਂ ਜੇਲ੍ਹਾਂ ਵਿਚ ਕੈਦੀਆਂ ਲਈ ਪ੍ਰਤੀ ਦਿਨ ਖਰਚਾ

*2582. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ.:-** ਕੀ ਜੇਲ੍ਹ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਰਾਜ ਦੀਆਂ ਜੇਲ੍ਹਾਂ ਵਿੱਚ ਕੈਦੀਆਂ ਲਈ ਪ੍ਰਤੀ ਦਿਨ ਕਿੰਨਾਂ ਖਰਚ ਕੀਤਾ ਜਾਂਦਾ ਹੈ?

### ਸ਼ੁਤਰਾਣਾ ਦੇ ਰਜਬਾਹਿਆਂ ਦਾ ਨਵੀਨੀਕਰਨ

*2684. **ਸਰਦਾਰ ਨਿਰਮਲ ਸਿੰਘ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:-

ੳ) ਹਲਕਾ ਸ਼ੁਤਰਾਣਾ ਦੇ ਰਜਬਾਹਿਆਂ ਦਾ ਨਵੀਨੀਕਰਨ ਪਹਿਲਾਂ ਕਦੋਂ ਕੀਤਾ ਗਿਆ ਸੀ ਅਤੇ ਇਨ੍ਹਾਂ ਦਾ ਦੁਬਾਰਾ ਨਵੀਨੀਕਰਨ ਕਰਨ ਦਾ ਕੰਮ ਕਦੋਂ ਤੋਂ ਬਕਾਇਆ ਪਿਆ ਹੈ;

ਅ) ਇਨ੍ਹਾਂ ਰਜਬਾਹਿਆਂ ਦਾ ਨਵੀਨੀਕਰਨ ਨਾ ਕਰਨ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਦਾ ਨਵੀਨੀਕਰਨ ਕਦੋਂ ਤੱਕ ਕਰ ਦਿੱਤਾ ਜਾਵੇਗਾ?

### ਰਾਏਕੋਟ ਤਹਿਸੀਲ ਵਿਚ ਕਾਰ-ਪਾਰਕਿੰਗ ਦਾ ਪ੍ਰਬੰਧ

*2417. **ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ, ਐਮ.ਐਲ.ਏ.:** - ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਏਕੋਟ ਤਹਿਸੀਲ ਵਿੱਚ ਕਾਰ ਪਾਰਕਿੰਗ ਦੀ ਬਹੁਤ ਵੱਡੀ ਸਮੱਸਿਆ ਹੈ ਜਿਸ ਕਰਕੇ ਲੋਕਾਂ ਨੂੰ ਬਹੁਤ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਕਾਰ ਪਾਰਕਿੰਗ ਦੀ ਸਮੱਸਿਆ ਦੇ ਹੱਲ ਲਈ ਸਰਕਾਰ ਦੀ ਕੋਈ ਤਜਵੀਜ਼ ਹੈ?

### ਕਪੂਰ ਹਸਪਤਾਲ ਲੁਧਿਆਣਾ ਦੀ ਇਮਾਰਤ ਵਿਚ ਸਿਹਤ ਸਹੂਲਤਾਂ ਪ੍ਰਦਾਨ ਕਰਨਾ

*2632. **ਸ਼੍ਰੀ ਰਾਕੇਸ਼ ਪਾਂਡੇ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀ.ਟੀ ਰੋਡ ਪੁਰਾਣੀ ਸਬਜੀ ਮੰਡੀ) ਲੁਧਿਆਣਾ ਤੇ ਸਥਿਤ ਪੁਰਾਣੇ ਕਪੂਰ ਹਸਪਤਾਲ ਦੀ ਇਮਾਰਤ ਵਰਤੋਂ ਵਿਚ ਨਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਸੰਘਣੀ ਅਬਾਦੀ ਵਾਲੇ ਖੇਤਰ ਵਿਚ ਲੋਕਾਂ ਦੀ ਸਹੂਲਤ ਲਈ ਇਸ ਇਮਾਰਤ ਵਿਚ ਟਰੋਮਾ ਸੇਂਟਰ ਸਹਿਤ ਹੋਰ ਸਿਹਤ ਸੇਵਾਵਾਂ ਮੁਹੱਈਆ ਕਰਨ ਬਾਰੇ ਵਿਚਾਰ ਕਰੇਗੀ?

ਪਰਤੋਂ ਜੀ...

**ਸਰਕਾਰੀ ਮਿਡਲ ਸਕੂਲ ਬਹਾਵ-ਵਾਲਾ ਵਿਖੇ ਅਧਿਆਪਕਾਂ ਦੀਆਂ ਬਦਲੀਆਂ ਸਬੰਧੀ**

*2367. **ਸ਼੍ਰੀ ਨੱਥੂ ਰਾਮ, ਐਮ.ਐਲ.ਏ.:** - ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2019 ਦੌਰਾਨ ਸਰਕਾਰੀ ਮਿਡਲ ਸਕੂਲ ਬਹਾਵ ਵਾਲਾ ਜਿਲ੍ਹਾ ਫਾਜ਼ਿਲਕਾ ਵਿੱਚ ਸਰਕਾਰ ਦੁਆਰਾ ਅਧਿਆਪਕਾਂ ਦੀਆਂ ਕੀਤੀਆਂ ਗਈਆਂ ਬਦਲੀਆਂ ਦੇ ਵੇਰਵੇ ਕੀ ਹਨ;

ਅ) ਉਪਰੋਕਤ ਕੀਤੀਆਂ ਗਈਆਂ ਬਦਲੀਆਂ ਦੇ ਹਰ ਕੇਸ ਵਿੱਚ ਬਦਲੀਆਂ ਕਰਨ ਦੇ ਕਾਰਨ ਅਤੇ ਅਧਾਰ ਕੀ ਹਨ?

**ਖੰਨਾ ਜਿਲ੍ਹੇ ਅੰਦਰ ਪੁਲਿਸ ਦੀ ਨਫਰੀ**

*2554. **ਸਰਦਾਰ ਗੁਰਕੀਰਤ ਸਿੰਘ, ਐਮ.ਐਲ.ਏ.:** - ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੁਲਿਸ ਜਿਲ੍ਹਾ ਖੰਨਾ ਅੰਦਰ ਵੱਖ-ਵੱਖ ਥਾਣਿਆਂ ਜਾਂ ਫੀਲਡ ਵਿੱਚ ਪੁਲਿਸ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਮਨਜ਼ੂਰਸ਼ੁਦਾ ਗਿਣਤੀ ਕਿੰਨੀ ਹੈ;

ਅ) ਇਸ ਸਮੇਂ ਪੁਲਿਸ ਜਿਲ੍ਹਾ ਖੰਨਾ ਦੇ ਵੱਖ-ਵੱਖ ਥਾਣਿਆਂ ਜਾਂ ਫੀਲਡ ਵਿਚ ਤਾਇਨਾਤ ਅਧਿਕਾਰੀਆਂ/ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ;

ੲ) ਅਧਿਕਾਰੀਆਂ/ਕਰਮਚਾਰੀਆਂ ਦੀ ਗਿਣਤੀ ਕਦੋਂ ਤੱਕ ਪੂਰੀ ਕਰ ਦਿੱਤੀ ਜਾਵੇਗੀ?

**ਅੰਮ੍ਰਿਤਸਰ ਦੇ ਰਿਗੋ ਪੁੱਲ ਦੀ ਥਾਂ ਨਵਾਂ ਪੁੱਲ ਬਣਾਉਣਾ**

*2396. **ਸ਼੍ਰੀ ਸੁਨੀਲ ਦੱਤੀ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਪੈਂਦਾ ਰਿਗੋ ਪੁੱਲ ਬਹੁਤ ਖਸਤਾ ਹਾਲਤ ਵਿੱਚ ਹੈ ਅਤੇ ਇਹ ਕਿਸੇ ਸਮੇ ਵੀ ਢਹਿ ਸਕਦਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਇਸ ਦੀ ਥਾਂ ਤੇ ਨਵਾਂ ਪੁੱਲ ਬਣਾਉਣ ਤੇ ਵਿਚਾਰ ਕਰੇਗੀ, ਜੇਕਰ ਅਜਿਹਾ ਹੋਵੇ ਤਾਂ ਸਰਕਾਰੀ ਯੋਜਨਾ ਦੇ ਵੇਰਵੇ ਕੀ ਹਨ ਅਤੇ ਇਹ ਕਿੰਨੇ ਸਮੇਂ ਵਿੱਚ ਬਣਾਉਣ ਦੀ ਸੰਭਾਵਨਾ ਹੈ?

**ਮਲੌਦ (ਪਾਇਲ) ਬਲਾਕ ਵਿਖੇ ਆਫਿਸ ਕੰਪਲੈਕਸ ਉਸਾਰਨਾ**

*2489. **ਸਰਦਾਰ ਲਖਵੀਰ ਸਿੰਘ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਨਵੇਂ ਬਣਾਏ ਮਲੌਦ (ਪਾਇਲ) ਬਲਾਕ ਵਿਖੇ ਅਜੇ ਤੱਕ ਕੋਈ ਆਫਿਸ ਕੰਪਲੈਕਸ ਨਹੀਂ ਉਸਾਰਿਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਣ ਕੀ ਹਨ;

ਅ) ਇਥੇ ਆਫਿਸ ਕੰਪਲੈਕਸ ਦੀ ਉਸਾਰੀ ਲਈ ਸਰਕਾਰ ਦੀ ਕੀ ਤਜ਼ਵੀਜ ਹੈ?

**ਹਲਕਾ ਫਿਰੋਜ਼ਪੁਰ ਦਿਹਾਤੀ ਦੇ ਨੌਜਵਾਨਾਂ ਨੂੰ ਜਿੰਮਾਂ ਦੇਣਾ**

*2570. **ਸ਼੍ਰੀਮਤੀ ਸਤਕਾਰ ਕੌਰ ਐਮ.ਐਲ.ਏ.:** - ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰਨ ਲਈ ਅਤੇ ਖੇਡਾਂ ਨਾਲ ਜੋੜਨ ਲਈ ਜਿੰਮਾਂ ਦਿੱਤੀਆਂ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਜਿੰਮਾਂ ਦਿੱਤੀਆਂ ਜਾਣਗੀਆ?

**ਕਾਠਗੜ੍ਹ ਦੇ ਕਮਿਊਨਿਟੀ ਹੈਲਥ ਸੈਂਟਰ ਦੀ ਸਥਿਤੀ**

*2464. **ਸ਼੍ਰੀ ਦਰਸ਼ਨ ਲਾਲ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ (ਤਹਿਸੀਲ ਬਲਾਚੌਰ) ਕਾਠਗੜ੍ਹ ਵਿਖੇ 25 ਬਿਸਤਰਿਆਂ ਦਾ ਕਮਿਊਨਿਟੀ ਹੈਲਥ ਸੈਂਟਰ ਉਸਾਰਿਆ ਗਿਆ ਹੈ ਪਰੰਤੂ ਸਰਕਾਰੀ ਰਿਕਾਰਡਾਂ ਵਿੱਚ ਇਸ ਦੀ ਸਥਿਤੀ ਹੁਣ ਵੀ ਪ੍ਰਾਈਮਰੀ ਹੈਲਥ ਸੈਂਟਰ ਦੇ ਰੂਪ ਵਿੱਚ ਦਰਸਾਈ ਜਾ ਰਹੀ ਹੈ, ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਨ ਕੀ ਹਨ;

ਅ) ਇਸ ਕਮਿਊਨਿਟੀ ਹੈਲਥ ਸੈਂਟਰ ਵਿੱਚ ਸ਼੍ਰੇਣੀਵਾਰ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਪਰੋਕਤ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਮੁਕਤਸਰ ਸਾਹਿਬ ਤੋਂ ਮਲੋਟ ਨੂੰ ਜਾਂਦੀ ਸੜਕ ਦੀ ਰਿਪੇਅਰ**

*2611. **ਸਰਦਾਰ ਕੰਵਰਜੀਤ ਸਿੰਘ ਬਰਕੰਦੀ, ਐਮ.ਐਲ.ਏ.:** - ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਸ਼੍ਰੀ ਮੁਕਤਸਰ ਸਾਹਿਬ ਤੋਂ ਮਲੋਟ ਨੂੰ ਜਾਂਦੀ ਸੜਕ ਜਿਸ ਦੀ ਹਾਲਤ ਬਹੁਤ ਖ਼ਸਤਾ ਹੋ ਚੁੱਕੀ ਹੈ ਨੂੰ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਰਿਪੇਅਰ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਨਗਰ ਕੌਂਸਲ ਰਾਜਪੁਰਾ ਦੀ ਹਦੂਦ ਵਿੱਚ ਵਾਧਾ ਕਰਨਾ**

*2510. **ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.:** - ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜਪੁਰਾ ਸ਼ਹਿਰ ਦੇ 3-4 ਕਿਲੋਮੀਟਰ ਦੇ ਘੇਰੇ ਅੰਦਰ ਪੈਂਦੇ ਪਿੰਡਾਂ ਨੂੰ ਨਗਰ ਕੌਂਸਲ ਰਾਜਪੁਰਾ ਵਿੱਚ ਸ਼ਾਮਲ ਕਰਨ ਲਈ ਨਗਰ ਕੌਂਸਲ ਰਾਜਪੁਰਾ ਦੀ ਹੱਦ ਵਧਾਉਣ ਦੀ ਕੋਈ ਤਜਵੀਜ਼ ਹੈ?

**ਵੈਟਰਨਰੀ ਡਾਕਟਰ ਨੂੰ ਲਾਂਗੜੀਆਂ ਤੋਂ ਅਮਰਗੜ੍ਹ ਅਸਾਮੀ ਸਮੇਤ ਬਦਲਣਾ**

*2364. **ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.)** :- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਸਰਕਾਰ ਲੋਕ ਹਿੱਤ ਲਈ ਵੈਟਰਨਰੀ ਡਾਕਟਰ ਨੂੰ ਪਿੰਡ ਲਾਂਗੜੀਆਂ ਤੋਂ ਅਮਰਗੜ੍ਹ (ਸੰਗਰੂਰ) ਵਿਖੇ ਅਸਾਮੀ ਸਮੇਤ ਬਦਲਣ ਲਈ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਹੋਣ ਦੀ ਸੰਭਾਵਨਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤੱਰ ਨਾਂਹ ਵਿੱਚ ਹੋਵੇ ਤਾਂ ਇਸਦੇ ਕੀ ਕਾਰਨ ਹਨ?

**ਨਕੋਦਰ ਤੋਂ ਰਾਹੋਂ ਵਾਇਆ ਫਿਲੌਰ ਸੜਕ ਦੀ ਰਿਪੇਅਰ**

*2677. **ਸ਼੍ਰੀ ਬਲਦੇਵ ਸਿੰਘ ਖਹਿਰਾ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਹਲਕਾ ਫ਼ਿਲੌਰ ਵਿੱਚ ਨਕੋਦਰ ਤੋਂ ਰਾਹੋਂ ਵਾਇਆ ਫ਼ਿਲੌਰ ਸੜਕ, ਜਿਸ ਦੀ ਹਾਲਤ ਬਹੁਤ ਹੀ ਖਸਤਾ ਹੋ ਚੁੱਕੀ ਹੈ, ਨੂੰ ਰਿਪੇਅਰ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

24/2/2020

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਚੰਡੀਗੜ੍ਹ
ਮਿਤੀ 20 ਫਰਵਰੀ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।